AQA

# GCSE
# PANJABI

F

Foundation Tier Paper 1 Listening Test Transcript

Time allowed: 35 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

| 0 | 1 | **F1** ਮੈਨੂੰ ਖਾਣੇ ਬਣਾਉਣ ਦਾ ਸ਼ੌਕ ਹੈ।

| 0 | 2 | **M1** ਮੈਨੂੰ ਕਹਾਣੀਆਂ ਪੜ੍ਹਨਾ ਚੰਗਾ ਲਗਦਾ ਹੈ।

| 0 | 3 | **F2** ਮਨਜੀਤ, ਤੁਹਾਡਾ ਵਿਆਹ ਕਰਵਾਉਣ ਬਾਰੇ ਕੀ ਵਿਚਾਰ ਹੈ?

**M2** ਗੁਰਵੀਰ ਵਿਆਹ ਕਰਵਾਉਣਾ ਤਾਂ ਚੰਗਾ ਹੈ, ਪਰ ਮੁਸ਼ਕਲ ਇਹ ਹੈ ਕਿ ਬਹੁਤ ਸਾਰੇ ਲੋਕ ਛੋਟੀ ਉਮਰ ਵਿੱਚ ਵਿਆਹ ਕਰਾ ਲੈਂਦੇ ਹਨ।

**F2** ਮਨਜੀਤ, ਵਿਆਹ ਕਰਵਾਉਣ ਬਾਰੇ ਤੁਸੀਂ ਕੀ ਸੋਚਦੇ ਹੋ?

**M2** ਗੁਰਵੀਰ, ਮੈਂ ਤੀਹ ਸਾਲ ਦੀ ਉਮਰ ਤੋਂ ਪਹਿਲਾਂ ਵਿਆਹ ਨਹੀਂ ਕਰਵਾਉਣਾ ਚਾਹੁੰਦਾ।

| 0 | 4 | **F2** ਮੇਰੀ ਭੈਣ ਹਰ ਰੋਜ਼ ਨਾਸ਼ਤੇ ਵਿੱਚ ਬਹੁਤ ਕੁਝ ਖਾਂਦੀ ਹੈ। ਪਰੌਂਠੇ ਖਾਣੇ ਉਸ ਨੂੰ ਬਹੁਤ ਪਸੰਦ ਹਨ।

ਮੈਂ ਦੁਪਹਿਰ ਦੇ ਖਾਣੇ ਵਿੱਚ ਮੀਟ ਘੱਟ ਹੀ ਖਾਂਦੀ ਹਾਂ ਪਰ ਮੇਰੇ ਭਰਾ ਨੂੰ ਰੋਜ਼ਾਨਾ ਮੀਟ ਨਾ ਮਿਲੇ ਤਾਂ ਉਹ ਖੁਸ਼ ਨਹੀਂ ਹੁੰਦਾ।

ਰਾਤ ਦੇ ਖਾਣੇ ਤੋਂ ਬਾਅਦ ਸਾਰੇ ਮਿੱਠੀ ਚੀਜ਼ ਖਾਂਦੇ ਹਨ ਪਰ ਮੈਂ ਹਮੇਸ਼ਾ ਤਾਜ਼ੇ ਫਲ ਖਾਂਦੀ ਹਾਂ।

| 0 | 5 | **M1** ਪ੍ਰੀਤੀ ਆਪਣੇ ਦਾਦੀ ਜੀ ਲਈ ਤੋਹਫੇ ਵਜੋਂ ਇੱਕ ਕੋਟੀ ਖਰੀਦੇਗੀ।

| 0 | 6 | **M1** ਹਰਜੀਤ ਆਪਣੇ ਭਰਾ ਨੂੰ ਤੋਹਫੇ ਲਈ ਕਮੀਜ਼ ਲੈ ਕੇ ਦੇਵੇਗਾ।

| 0 | 7 | **M1** ਜਸਰਾਜ ਆਪਣੇ ਪਿਤਾ ਜੀ ਲਈ ਤੋਹਫੇ ਵਜੋਂ ਦਸਤਾਨੇ ਖਰੀਦੇਗਾ।

| 0 | 8 | **M2** ਅੰਮ੍ਰਿਤਸਰ ਹਵਾਈ ਅੱਡੇ ਦੇ ਨੇੜੇ ਬਹੁਤ ਸੁਹਣੇ ਨਵੇਂ ਅਪਾਰਟਮੈਂਟ ਬਣ ਰਹੇ ਹਨ। ਹਰ ਅਪਾਰਟਮੈਂਟ ਦੇ ਨਾਲ ਕਾਰ ਖੜ੍ਹੀ ਕਰਨ ਲਈ ਜਗ੍ਹਾ ਹੋਵੇਗੀ। ਇੱਕ ਹੋਰ ਖਾਸ ਗੱਲ, ਹੇਠਲੀ ਮੰਜ਼ਲ ਵਾਲੇ ਅਪਾਰਟਮੈਂਟ ਦੇ ਪਿੱਛੇ ਬਗੀਚਾ ਵੀ ਹੈ।

| 0 | 9 | **M1** ਤੁਸੀਂ ਆਪਣੇ ਮੋਬਾਇਲ ਫੋਨ ਤੇ ਇਸ ਨਵੇਂ ਐਪ ਨਾਲ ਗੀਤ ਸੁਣਨ ਦੇ ਨਾਲ ਨਾਲ ਗਾਣਿਆਂ ਦੇ ਬੋਲ ਵੀ ਪੜ੍ਹ ਸਕਦੇ ਹੋ। ਜੇ ਤੁਸੀਂ ਅਜਿਹੇ ਦੇਸ਼ ਜਾਣਾ ਚਾਹੁੰਦੇ ਹੋ ਜਿਥੋਂ ਦੀ ਬੋਲੀ ਤੁਹਾਨੂੰ ਨਹੀਂ ਆਉਂਦੀ ਤਾਂ ਇਹ ਐਪ ਤੁਹਾਨੂੰ ਪਹਿਲਾਂ ਹੀ ਉਥੋਂ ਦੀ ਬੋਲੀ ਸਿੱਖਣ ਵਿੱਚ ਸਹਾਇਤਾ ਕਰ ਸਕਦਾ ਹੈ।

| 1 | 0 | **M2** ਗੁਰਪ੍ਰੀਤ, ਤੁਸੀਂ ਆਪਣੇ ਮਨਪਸੰਦ ਵਿਸ਼ੇ ਬਾਰੇ ਦੱਸੋ।

**F1** ਇਤਿਹਾਸ ਮੇਰਾ ਮਨਪਸੰਦ ਵਿਸ਼ਾ ਹੈ ਪਰ ਭੂਗੋਲ ਮੈਨੂੰ ਬਿਲਕੁਲ ਚੰਗਾ ਨਹੀਂ ਲਗਦਾ।

| 1 | 1 | **M2** ਤੁਸੀਂ ਸਕੂਲ ਵਿੱਚ ਬਰੇਕ ਵੇਲੇ ਆਪਣੀਆਂ ਸਹੇਲੀਆਂ ਨਾਲ ਕੀ ਕਰਦੇ ਹੋ?

**F1** ਆਮ ਤੌਰ ਤੇ ਅਸੀਂ ਖੇਡਾਂ ਖੇਡਣ ਦੀ ਬਜਾਏ ਗੱਲਾਂ ਬਾਤਾਂ ਕਰਦੀਆਂ ਹਾਂ।

**1 2** **M2** ਸਕੂਲ ਤੋਂ ਮਿਲਣ ਵਾਲੇ ਘਰ ਦੇ ਕੰਮ ਬਾਰੇ ਤੁਹਾਡਾ ਕੀ ਖਿਆਲ ਹੈ ?

**F1** ਮੇਰੇ ਖਿਆਲ ਵਿੱਚ ਇਹ ਸਾਡੇ ਲਈ ਲਾਭਦਾਇਕ ਹੈ ।

**1 3** **M1** ਮੇਰਾ ਨਾਂ ਅਮਰਜੋਤ ਹੈ । ਮੈਂ ਆਪਣੇ ਦੇਸ਼ ਦੀ ਰਾਖੀ ਕਰਨ ਲਈ ਫੌਜ ਵਿੱਚ ਭਰਤੀ ਹੋਣਾ ਚਾਹੁੰਦਾ ਹਾਂ ।

**1 4** **M2** ਮੈਂ ਦਲਜੀਤ ਹਾਂ । ਮੈਂ ਵੱਡਾ ਹੋ ਕੇ ਹਵਾਈ ਜਹਾਜ਼ ਉਡਾਉਣ ਦਾ ਸੁਪਨਾ ਪੂਰਾ ਕਰਨਾ ਚਾਹੁੰਦਾ ਹਾਂ ।

**1 5** **F2** ਮੇਰਾ ਨਾਂ ਕਰੀਨਾ ਹੈ । ਮੈਨੂੰ ਛੋਟੇ ਬੱਚਿਆਂ ਨੂੰ ਪੜ੍ਹਾਉਣਾ ਚੰਗਾ ਲਗਦਾ ਹੈ ।

**1 6** **F1** ਸਤਿ ਸ੍ਰੀ ਅਕਾਲ ਚਰਨ ਸਿੰਘ ਜੀ । ਤੁਹਾਨੂੰ ਖੇਤੀ-ਬਾੜੀ ਦੇ ਕੰਮ ਵਿੱਚ ਸਭ ਤੋਂ ਵੱਧ ਕੀ ਪਸੰਦ ਹੈ ?

**M1** ਕੁਦਰਤੀ ਮਾਹੌਲ ਵਿੱਚ ਰਹਿ ਕੇ ਤਾਜ਼ੇ ਫਲ ਅਤੇ ਹਰੀਆਂ ਸਬਜ਼ੀਆਂ ਉਗਾਉਣਾ ਮੈਨੂੰ ਸਭ ਤੋਂ ਜ਼ਿਆਦਾ ਪਸੰਦ ਹੈ ।

**1 7** **F1** ਇਸ ਸਾਲ ਮੌਸਮ ਦਾ ਤੁਹਾਡੀ ਖੇਤੀ-ਬਾੜੀ ਤੇ ਕੀ ਅਸਰ ਹੋਇਆ ?

**M1** ਇਸ ਸਾਲ ਮੀਂਹ ਪੈਣ ਕਾਰਨ ਮੇਰੀ ਕਣਕ ਦੀ ਫਸਲ ਖਰਾਬ ਹੋ ਗਈ ਸੀ ਇਸ ਕਰਕੇ ਫਸਲਾਂ ਦੀ ਕਟਾਈ ਵੀ ਦੇਰ ਨਾਲ ਕਰਨੀ ਪਈ ।

**1 8** **F1** ਮੈਨੂੰ ਆਪਣਾ ਜਨਮ ਦਿਨ ਆਪਣੇ ਮਾਤਾ ਪਿਤਾ ਅਤੇ ਭੈਣ ਨਾਲ ਮਨਾਉਣਾ ਬਹੁਤ ਪਸੰਦ ਹੈ ਪਰ ਮੇਰੀ ਸਹੇਲੀ ਇੱਕਲੇ ਹੀ ਜਨਮ ਦਿਨ ਮਨਾਉਣ ਨੂੰ ਪਹਿਲ ਦਿੰਦੀ ਹੈ । ਮੈਂ ਆਪਣੇ ਜਨਮ ਦਿਨ ਤੇ ਆਪਣੀਆਂ ਸਹੇਲੀਆਂ ਨਾਲ ਦੁਕਾਨਾਂ ਤੇ ਗਈ ਸੀ ਅਤੇ ਇੱਕ ਡਰੈੱਸ ਖਰੀਦੀ । ਸ਼ਾਮ ਨੂੰ ਮੈਂ ਆਪਣੇ ਪਰਿਵਾਰ ਨਾਲ ਰੈਸਟੋਰੈਂਟ ਗਈ ਸੀ । ਮੇਰੇ ਮਾਤਾ ਪਿਤਾ ਜੀ ਨੇ ਮੈਨੂੰ ਇੱਕ ਮੁੰਦਰੀ ਦਿੱਤੀ ਜਿਹੜੀ ਮੈਨੂੰ ਬਹੁਤ ਪਸੰਦ ਆਈ ।

**1 9** **F2** ਮੈਂ ਹਮੇਸ਼ਾ ਖਰੀਦਾਰੀ ਕਰਨ ਵੇਲੇ ਥੈਲੇ ਘਰੋਂ ਲੈ ਕੇ ਜਾਂਦੀ ਹਾਂ । ਮੇਰੇ ਪਿਤਾ ਜੀ ਮੇਰੇ ਨਾਲ ਖੁਸ਼ ਹੋ ਜਾਂਦੇ ਹਨ ਜਦੋਂ ਮੈਂ ਕੱਚ ਦੀਆਂ ਬੋਤਲਾਂ ਕੂੜੇ ਵਿੱਚ ਨਹੀਂ ਸੁੱਟਦੀ । ਮੇਰੇ ਮਾਤਾ ਜੀ ਮੈਨੂੰ ਹਮੇਸ਼ਾ ਘਰ ਵਿੱਚ ਗਰਮ ਕੱਪੜੇ ਪਾ ਕੇ ਰੱਖਣ ਦੀ ਸਲਾਹ ਦਿੰਦੇ ਹਨ ਤਾਂ ਕਿ ਹੀਟਿੰਗ ਘੱਟ ਲਾਉਣੀ ਪਵੇ ।

**2 0** **M2** ਪਿਛਲੇ ਹਫਤੇ ਮੇਰੇ ਮਾਤਾ ਪਿਤਾ ਜੀ ਦੇ ਵਿਆਹ ਦੀ 25 ਵੀਂ ਵਰ੍ਹੇ ਗੰਢ ਮਨਾਉਣ ਲਈ ਅਸੀਂ ਸਾਰਾ ਪਰਿਵਾਰ ਰੈਸਟੋਰੈਂਟ ਖਾਣਾ ਖਾਣ ਗਏ ਸੀ । ਇਸ ਹਫਤੇ ਅਸੀਂ ਆਪਣੇ ਦੋਸਤ ਦਾ ਜਨਮ ਦਿਨ ਮਨਾਉਣ ਲਈ ਇੱਕ ਫੁੱਟਬਾਲ ਮੈਚ ਦੇਖਣ ਜਾ ਰਹੇ ਹਾਂ । ਅਗਲੇ ਮਹੀਨੇ ਮੇਰੇ ਭਰਾ ਦੀ ਮੰਗਣੀ ਕਰਨ ਲਈ ਅਸੀਂ ਹੋਟਲ ਵਿੱਚ ਪਾਰਟੀ ਦਾ ਪ੍ਰਬੰਧ ਕਰਾਂਗੇ ।

## Section B

Questions and answers in **Panjabi**.

**2 1** **F1** ਮੈਂ ਆਪਣੀ ਪੱਕੀ ਸਹੇਲੀ ਨੂੰ ਬਹੁਤ ਪਸੰਦ ਕਰਦੀ ਹਾਂ। ਮੇਰੀ ਸਹੇਲੀ ਹਰ ਵਕਤ ਬਹੁਤ ਬੋਲਦੀ ਰਹਿੰਦੀ ਹੈ ਇਸ ਆਦਤ ਦੇ ਬਾਵਜੂਦ ਵੀ ਮੇਰੀ ਕੋਈ ਗੱਲ ਦੂਸਰਿਆਂ ਨੂੰ ਨਹੀਂ ਦੱਸਦੀ। ਮੈਂ ਉਸ ਤੇ ਪੂਰਾ ਵਿਸ਼ਵਾਸ ਕਰ ਸਕਦੀ ਹਾਂ। ਉਸ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਉਹ ਈਮਾਨਦਾਰ ਹੋਣ ਦੇ ਨਾਲ ਨਾਲ ਜ਼ਰੂਰਤਮੰਦਾਂ ਦੀ ਸਹਾਇਤਾ ਵੀ ਬਹੁਤ ਕਰਦੀ ਹੈ।

**2 2** **M1** ਕਰਮ ਤੁਸੀਂ ਟੈਲੀਵਿਜ਼ਨ ਤੇ ਕਿਸ ਤਰ੍ਹਾਂ ਦੇ ਖਾਣਿਆਂ ਦਾ ਪ੍ਰੋਗਰਾਮ ਦੇਖਦੇ ਹੋ ?

**M2** ਮੈਂ ਤਲੇ ਹੋਏ ਭੋਜਨ ਨਾਲੋਂ ਭੁੰਨਿਆ ਹੋਇਆ ਖਾਣਾ ਜ਼ਿਆਦਾ ਪਸੰਦ ਕਰਦਾ ਹਾਂ ਇਸ ਲਈ ਮੈਂ ਕੇਵਲ ਭੁੰਨੇ ਹੋਏ ਖਾਣਿਆਂ ਬਾਰੇ ਪ੍ਰੋਗਰਾਮ ਦੇਖਦਾ ਹਾਂ। ਦੀਪ, ਤੁਸੀਂ ਵੀ ਦੱਸੋ।

**M1** ਮੈਂ ਮਾਸ ਅਤੇ ਮੱਛੀ ਨਹੀਂ ਖਾਂਦਾ, ਇਸ ਲਈ ਮੈਂ ਸਿਰਫ ਵੈਸ਼ਨੋ ਖਾਣੇ ਬਣਾਉਣ ਦਾ ਪ੍ਰੋਗਰਾਮ ਹੀ ਦੇਖਦਾ ਹਾਂ।

**2 3** **M1** ਹਰਿੰਦਰ, ਤੁਹਾਨੂੰ ਪੰਜਾਬੀ ਕਾਨਸਰਟ ਕਿਵੇਂ ਲੱਗਿਆ ?

**M2** ਸਾਰੇ ਗਾਇਕਾਂ ਨੇ ਬਹੁਤ ਚੰਗੇ ਗਾਣੇ ਗਾਏ ਅਤੇ ਮਾਹੌਲ ਬਹੁਤ ਖੁਸ਼ੀ ਵਾਲਾ ਸੀ ਪਰ ਖਾਣ ਪੀਣ ਦੀਆਂ ਚੀਜ਼ਾਂ ਬਹੁਤ ਮਹਿੰਗੀਆਂ ਸਨ।

**M1** ਕਾਨਸਰਟ ਤੋਂ ਬਾਅਦ ਤੁਸੀਂ ਕੀ ਕੀਤਾ ?

**M2** ਮੇਰਾ ਦੋਸਤ ਆਪਣੇ ਭਰਾ ਨੂੰ ਰੈਸਟੋਰੈਂਟ ਵਿੱਚ ਮਿਲਣਾ ਚਾਹੁੰਦਾ ਸੀ ਇਸ ਕਰਕੇ ਮੈਨੂੰ ਇੱਕਲੇ ਨੂੰ ਹੀ ਘਰ ਆਉਣਾ ਪਿਆ।

**END OF TEST**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2022 AQA and its licensors. All rights reserved.